# ਸਹਿਕਾਰਤਾ ਵਿਭਾਗ ਜ਼ਿਲ੍ਹਾ ਮਾਨਸਾ

ਮਾਨਸਾ ਜ਼ਿਲ੍ਹੇ ਵਿੱਚ ਉਪ ਰਜਿਸਟਰਾਰ ਸਹਿਕਾਰੀ ਸਭਾਵਾਂ ਮਾਨਸਾ ਦਾ ਦਫ਼ਤਰ ਜ਼ਿਲ੍ਹਾ ਬਨਣ ਤੋਂ ਬਾਅਦ ਅਕਤੂਬਰ 1992 ਵਿੱਚ ਹੋਂਦ ਵਿੱਚ ਆਇਆ। ਇਸ ਤੋਂ ਪਹਿਲਾਂ ਇਹ ਸਰਕਲ ਉਪ ਰਜਿਸਟਰਾਰ ਸਹਿਕਾਰੀ ਸਭਾਵਾਂ ਬਠਿੰਡਾ ਦੇ ਅਧਿਕਾਰ ਖੇਤਰ ਵਿੱਚ ਆਉਂਦਾ ਸੀ। ਅਕਤੂਬਰ 1992 ਤੋਂ ਲੈ ਕੇ ਮਾਰਚ 2003 ਤੱਕ ਇਸ ਜ਼ਿਲ੍ਹੇ ਵਿੱਚ ਇੱਕ ਅਸਾਮੀ ਸਹਾਇਕ ਰਜਿਸਟਰਾਰ ਸਹਿਕਾਰੀ ਸਭਾਵਾਂ ਮਾਨਸਾ ਵਿਖੇ ਹੀ ਸੀ। ਪਰੰਤੂ ਮਾਰਚ 2001 ਵਿੱਚ ਬੁਢਲਾਡਾ ਅਤੇ ਸਰਦੂਲਗੜ੍ਹ ਵਿਖੇ ਦੋ ਹੋਰ ਸਹਾਇਕ ਰਜਿਸਟਰਾਰ ਸਹਿਕਾਰੀ ਸਭਾਵਾਂ ਦੀਆਂ ਅਸਾਮੀਆਂ ਹੋਂਦ ਵਿੱਚ ਆਈਆਂ। ਇਸ ਸਮੇਂ ਬੁਢਲਾਡਾ ਅਤੇ ਸਰਦੂਲਗੜ੍ਹ ਦਾ ਚਾਰਜ ਸਹਾਇਕ ਰਜਿਸਟਰਾਰ ਸਹਿਕਾਰੀ ਸਭਾਵਾਂ ਬੁਢਲਾਡਾ ਪਾਸ ਹੈ। ਇਸ ਤੋਂ ਇਲਾਵਾ ਫੋਕਲ ਪੋਇੰਟਾਂ ਤੇ ਨਿਰੀਖਕ ਸਹਿਕਾਰੀ ਸਭਾਵਾਂ, ਬਲਾਕ ਪੱਧਰ ਤੇ ਨਿਰੀਖਕ ਮਿਲਕ ਸਪਲਾਈ ਸਹਿਕਾਰੀ ਲ਼ੇਬਰ ਸਭਾਵਾਂ ਹਨ। ਇਸੇ ਤਰ੍ਹਾਂ ਸਮਾਪਤੀ ਅਧੀਨ ਸਭਾਵਾਂ ਕੈਂਸਲ/ ਮੁੜ ਸੁਰਜੀਤ ਕਰਨ ਲਈ ਨਿਰੀਖਕ ਸਹਿਕਾਰੀ ਸਭਾਵਾਂ ਤਹਿਸੀਲ ਪੱਧਰ ਤੇ ਕੰਮ ਕਰ ਰਹੇ ਹਨ।

ਇਸ ਜ਼ਿਲ੍ਹੇ ਵਿੱਚ ਵੱਖ-ਵੱਖ ਕਿਸਮ ਦੀਆਂ ਕੁਲ 585 ਸਭਾਵਾਂ ਕੰਮ ਕਰ ਰਹੀਆਂ ਹਨ ਅਤੇ ਮੈਂਬਰਾਂ ਦੀ ਆਰਥਿਕ ਹਾਲਤ ਸੁਧਾਰਨ ਲਈ ਬਹੁਤ ਹੀ ਸਲਾਘਾ ਯੋਗ ਕੰਮ ਕਰ ਰਹੀਆਂ ਹਨ। ਇਸ ਜ਼ਿਲ੍ਹੇ ਵਿੱਚ ਕੁਲ 117 ਸਭਾਵਾਂ ਦੁੱਧ ਉਤਪਾਦਕ ਸਭਾਵਾਂ ਕੰਮ ਕਰ ਰਹੀਆਂ ਹਨ।

ਲ਼ੇਬਰ ਸਭਾਵਾਂ 21 ਜਾਂ 21 ਤੋਂ ਵੱਧ ਕਾਮੇ ਰਲ ਕੇ ਜਿਸ ਵਿੱਚ ਕੋਈ ਰਜਿਸਟਰਡ ਠੇਕੇਦਾਰ ਨਾ ਹੋਵੇ ਨਿਰੀਖਕ ਰਾਹੀਂ ਸਭਾ ਰਜਿਸਟਰ ਕਰਵਾਕੇ ਕੰਮ ਕਰ ਸਕਦੇ ਹਨ। ਪਰ ਇਸ ਦੀ ਪ੍ਰਵਾਨਗੀ ਮੁੱਖ ਦਫ਼ਤਰ ਤੋਂ ਲੈਣੀ ਜਰੂਰੀ ਹੈ।

ਇਸ ਜ਼ਿਲ੍ਹੇ ਵਿੱਚ 105 ਪ੍ਰਾਇਮਰੀ ਖੇਤੀਬਾੜੀ ਸਹਿਕਾਰੀ ਸਭਾਵਾਂ ਹਨ। ਇਹਨਾਂ ਸਭਾਵਾਂ ਦੇ ਕਾਰਜ ਖੇਤਰ ਵਿੱਚ ਰਹਿੰਦੇ ਕਿਸਾਨ ਜਿੰਨ੍ਹਾਂ ਦੀ ਆਪਣੀ ਜਮੀਨ ਹੋਵੇ ਅਤੇ ਮੈਂਬਰੀ ਦੀਆਂ ਸ਼ਰਤਾਂ ਪੂਰੀਆਂ ਕਰਦਾ ਹੋਵੇ ਅਤੇ ਆਪਣੀ ਜਮੀਨ ਦੀ ਫਰਦ ਸਭਾ ਨੂੰ ਦੇ ਕੇ ਹੱਦ ਕਰਜਾ ਤਿਆਰ ਕਰਵਾ ਕੇ ਸਭਾ ਤੋਂ ਕਰਜਾ ਲੈ ਸਕਦਾ ਹੈ, ਇਹ ਕਰਜਾ ਫਸਲੀ ਕਰਜਾ ਸਕੀਮ ਅਧੀਨ ਇੱਕ ਫਸਲ ਪੈਦਾ ਕਰਨ ਲਈ ਦਿੱਤਾ ਜਾਂਦਾ ਹੈ।

ਇਸ ਤੋਂ ਇਲਾਵਾ ਇਸ ਜ਼ਿਲ੍ਹੇ ਵਿੱਚ ਇੱਕ ਸੈਂਟਰਲ ਕੋ-ਆਪਰੇਟਿਵ ਬੈਂਕ ਹੈ ਅਤੇ ਇਸ ਦੀਆਂ 22 ਬਰਾਂਚਾਂ ਕੰਮ ਕਰ ਰਹੀਆਂ ਹਨ। ਇਸ ਬੈਂਕ ਵੱਲੋਂ ਆਪਣੇ ਮੈਂਬਰਾਂ ਨੂੰ ਕੈਸ਼ ਕਰੈਡਿਟ ਲਿਮਟ ਦੀ ਸਹੂਲਤ ਵੀ ਦਿੱਤੀ ਗਈ ਹੈ। ਸੀ.ਸੀ.ਬੀ. ਬੈਂਕ ਮੁੱਖ ਦਫ਼ਤਰ ਦੀਆਂ 22 ਬ੍ਰਾਂਚਾਂ ਸਹਿਕਾਰੀ ਸਭਾਵਾਂ ਨੂੰ ਕਰਜੇ ਤੋਂ ਇਲਾਵਾ ਸਿੱਧੇ ਮੈਂਬਰ ਬਣਾਕੇ ਕਰਮਚਾਰੀਆਂ, ਵਪਾਰੀਆਂ ਨੂੰ ਕੈਸ਼ ਕਰੈਡਿਟ ਅਤੇ ਲੋਨ ਫਾਰਮਿੰਗ ਅਧੀਨ ਕਰਜੇ ਦਿੰਦਾ ਹੈ।

ਤਹਿਸੀਲ ਪੱਧਰ ਤੇ 3 ਪ੍ਰਾਇਮਰੀ ਖੇਤੀਬਾੜੀ ਵਿਕਾਸ ਬੈਂਕ ਕੰਮ ਕਰ ਰਹੇ ਹਨ। ਇਹ ਬੈਂਕ ਆਪਣੇ ਮੈਂਬਰਾਂ

ਨੂੰ ਖੇਤੀਬਾੜੀ ਦੇ ਸਾਰੇ ਸਹਾਇਕ ਧੰਦਿਆਂ ਲਈ ਕਰਜੇ ਦਿੰਦੇ ਹਨ ਅਤੇ ਇਹ ਕਰਜਾ ਮੈਂਬਰਾਂ ਦੀ ਜਮੀਨ ਗਿਰਵੀ ਰੱਖ ਕੇ ਹੀ ਦਿੱਤਾ ਜਾਂਦਾ ਹੈ ।

ਪੇਂਡੂ ਅਤੇ ਸਹਿਕਾਰੀ ਖੇਤਰ ਵਿੱਚ ਹਾਊਸ ਬਿਲਡਿੰਗ ਸਭਾਵਾਂ ਰਾਹੀ ਹਾਉਸਫੈਡ ਪੰਜਾਬ ਵੱਲੋਂ ਮਕਾਨ ਉਸਾਰੀ ਲਈ ਲੰਮੇ ਸਮੇਂ ਦੇ ਕਰਜੇ ਦਿੱਤੇ ਜਾਂਦੇ ਹਨ ।

ਉਪਰੋਕਤ ਤੋਂ ਇਲਾਵਾ ਉਦਯੋਗਿਕ ਸਭਾਵਾਂ, ਫਰੂਟ ਅਤੇ ਵੈਜੀਟੇਬਲ ਸਭਾਵਾਂ ਆਦਿ ਦੇ ਮੈਂਬਰ ਰਲ ਕੇ ਸਭਾਵਾਂ ਬਣਾ ਕੇ ਸਰਕਾਰ ਵੱਲੋਂ ਸਮੇਂ ਸਮੇਂ ਤੇ ਦਿੱਤੀਆਂ ਜਾਂਦੀਆਂ ਵੱਖ ਵੱਖ ਸਹੂਲਤਾਂ ਅਤੇ ਕਰਜੇ ਲੈ ਸਕਦੇ ਹਨ ।

ਇਸ ਜ਼ਿਲ੍ਹੇ ਵਿੱਚ ਦੋ ਮਿੱਲਾਂ ਇੱਕ ਸਪਿੰਨਿੰਗ ਮਿੱਲ ਮਾਨਸਾ ਅਤੇ ਇੱਕ ਸ਼ੂਗਰ ਮਿੱਲ ਬੁਢਲਾਡਾ ਹਨ । ਜੋ ਕਿ ਇਸ ਸਮੇਂ ਬੰਦ ਪਈਆਂ ਹਨ ਅਤੇ ਸਮਾਪਤੀ ਅਧੀਨ ਆ ਚੁੱਕੀਆਂ ਹਨ ।

ਉਪਰੋਕਤ ਸਹਿਕਾਰੀ ਅਦਾਰਿਆਂ ਵਿੱਚ ਮੈਂਬਰਾਂ ਵੱਲੋਂ ਚੁਣੇ ਗਏ ਬੋਰਡ ਕੰਮ ਕਰ ਰਹੇ ਹਨ ਜੇ ਕਿਸੇ ਬੋਰਡ ਦੀ ਮਿਆਦ ਖਤਮ ਹੋ ਜਾਂਦੀ ਹੈ ਤਾਂ ਉਸਦੀ ਚੋਣ ਸਹਿਕਾਰਤਾ ਦੇ ਸਿਧਾਂਤਾਂ ਅਨੁਸਾਰ ਕਰਵਾਈ ਜਾਂਦੀ ਹੈ ।